**ਵੈਕਸੀਨ ਬਾਰੇ ਜਾਣਕਾਰੀ ਸਟੇਟਮੈਂਟ**

# ਸੇਰੋਗਰੁੱਪ B ਮੇਨਿੰਗੋਕੋਕਲ ਵੈਕਸੀਨ (Serogroup B Meningococcal Vaccine) (MenB): *ਤੁਹਾਨੂੰ ਕੀ ਕੁਝ ਜਾਣਨ ਦੀ ਲੋੜ ਹੈ*

Many Vaccine Information Statements are available in Punjabi and other languages. See www.immunize.org/vis

ਪੰਜਾਬੀ ਅਤੇ ਦੂਜੀਆਂ ਭਾਸ਼ਾਵਾਂ ਵਿੱਚ ਟੀਕਿਆਂ ਦੀਆਂ ਕਈ ਦਵਾਈਆਂ ਬਾਰੇ ਜਾਣਕਾਰੀ ਸਟੇਟਮੈਂਟਸ ਉਪਲਬਧ ਹਨ। ਦੇਖੋ www.immunize.org/vis

## 1 ਵੈਕਸੀਨ ਕਿਉਂ ਲਗਵਾਇਆ ਜਾਏ?

**ਮੇਨਿੰਗੋਕੋਕਲ ਰੋਗ** ਇੱਕ ਗੰਭੀਰ ਬਿਮਾਰੀ ਹੈ ਜੋ *ਨਾਇਸੇਰੀਆ ਮੇਨਿਨਜਿਡਿਸ (Neisseria meningitidis)* ਨਾਮ ਦੇ ਇੱਕ ਕਿਸਮ ਦੇ ਬੈਕਟੀਰੀਆ ਦੇ ਕਾਰਨ ਹੁੰਦੀ ਹੈ। ਇਸ ਦੇ ਕਾਰਨ ਮੇਨਿਨਜਾਇਟਿਸ (ਦਿਮਾਗ਼ ਦੀ ਝਿੱਲੀ ਅਤੇ ਸੁਖਮਨਾ ਨਾੜੀ ਦੀ ਲਾਗ) ਅਤੇ ਲਹੂ ਦੀਆਂ ਲਾਗਾਂ ਹੋ ਸਕਦੀਆਂ ਹਨ। ਮੇਨਿੰਗੋਕੋਕਲ ਰੋਗ ਅਕਸਰ ਅਚਾਨਕ ਹੁੰਦਾ ਹੈ – ਉਹਨਾਂ ਲੋਕਾਂ ਵਿੱਚ ਵੀ ਜੋ ਉਂਜ ਤੰਦਰੁਸਤ ਹੁੰਦੇ ਹਨ।

ਮੇਨਿੰਗੋਕੋਕਲ ਰੋਗ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਨਜ਼ਦੀਕੀ ਸੰਪਰਕ (ਖੰਘ ਜਾਂ ਚੁੰਮਣ) ਰਾਹੀਂ ਜਾਂ ਲੰਬੀ ਮਿਆਦ ਦੇ ਸੰਪਰਕ ਰਾਹੀਂ, ਖਾਸ ਤੌਰ 'ਤੇ ਇੱਕੋ ਘਰ ਵਿੱਚ ਰਹਿਣ ਵਾਲੇ ਲੋਕਾਂ ਵਿਚਕਾਰ, ਲੱਗ ਸਕਦਾ ਹੈ।

ਘੱਟੋ-ਘੱਟ 12 ਕਿਸਮ ਦੇ *ਐਨ. ਮੇਨਿਨਜਿਡਿਸ (N. meningitidis)* ਹੁੰਦੇ ਹਨ ਜਿਨ੍ਹਾਂ ਨੂੰ "ਸੇਰੋਗਰੁੱਪ" ਕਹਿੰਦੇ ਹਨ। ਮੇਨਿੰਗੋਕੋਕਲ ਰੋਗ ਜ਼ਿਆਦਾਤਰ ਸੇਰੋਗਰੁੱਪਾਂ A, B, C, W, ਅਤੇ Y ਦੇ ਕਾਰਨ ਹੁੰਦਾ ਹੈ।

ਮੇਨਿੰਗੋਕੋਕਲ ਰੋਗ ਕਿਸੇ ਨੂੰ ਵੀ ਹੋ ਸਕਦਾ ਹੈ ਪਰ ਕੁਝ ਲੋਕਾਂ ਨੂੰ ਇਸਦਾ ਜ਼ਿਆਦਾ ਖਤਰਾ ਹੁੰਦਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਇੱਕ ਸਾਲ ਤੋਂ ਘੱਟ ਉਮਰ ਦੇ ਨਿੱਕੇ ਬੱਚੇ
- 16 ਤੋਂ 23 ਸਾਲ ਦੇ ਕਿਸ਼ੋਰ ਅਤੇ ਨੌਜਵਾਨ ਬਾਲਗ
- ਰੋਗਾਂ ਤੋਂ ਸੁਰੱਖਿਆ ਕਰਨ ਵਾਲੀ ਸਰੀਰਕ ਵਿਵਸਥਾ ਉੱਪਰ ਅਸਰ ਪਾਉਣ ਵਾਲੀਆਂ ਕੁਝ ਬਿਮਾਰੀਆਂ ਤੋਂ ਪੀੜਤ ਲੋਕ
- ਵੱਖ ਕੀਤੇ *N. meningitidis* ਬੈਕਟੀਰੀਆ ਦੇ ਨਾਲ ਨੇਮ ਨਾਲ ਕੰਮ ਕਰਨ ਵਾਲੇ ਜੀਵਾਣੂ-ਵਿਗਿਆਨੀ
- ਕਮਿਊਨਿਟੀ ਵਿੱਚ ਰੋਗ ਦੇ ਫੈਲਣ ਕਾਰਨ ਜੋਖਮ ਵਿੱਚ ਆਏ ਲੋਕ

ਮੇਨਿੰਗੋਕੋਕਲ ਰੋਗ ਦਾ ਇਲਾਜ ਕਰਵਾਉਣ ਤੇ ਵੀ, ਇਸ ਲਾਗ ਨਾਲ ਪੀੜਤ 100 ਲੋਕਾਂ ਵਿਚੋਂ 10 ਤੋਂ 15 ਦੀ ਮੌਤ ਹੋ ਜਾਂਦੀ ਹੈ। ਅਤੇ ਜੋ ਲੋਕ ਬਚ ਜਾਂਦੇ ਹਨ ਉਹਨਾਂ ਵਿਚੋਂ ਵੀ 100 ਵਿਚੋਂ 10 ਤੋਂ 20 ਲੋਕ ਅਜਿਹੀਆਂ ਅਸਮਰੱਥਤਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ ਜਿਵੇਂ, ਡੋਰਾ ਹੋ ਜਾਣਾ, ਦਿਮਾਗੀ ਸੱਟ, ਗੁਰਦੇ ਨੂੰ ਨੁਕਸਾਨ, ਅੰਗ ਕੱਟਣਾ, ਨਰਵਸ ਸਿਸਟਮ ਦੀਆਂ ਸਮੱਸਿਆਵਾਂ ਜਾਂ ਚਮੜੀ ਦੀਆਂ ਪਿਓਂਦਾਂ ਦੇ ਕਾਰਨ ਵੱਡੇ ਦਾਗ਼।

**ਸੇਰੋਗਰੁੱਪ B ਮੇਨਿੰਗੋਕੋਕਲ (MenB) ਵੈਕਸੀਨ** ਸੇਰੋਗਰੁੱਪ B ਕਾਰਨ ਹੋਣ ਵਾਲੇ ਮੇਨਿੰਗੋਕੋਕਲ ਰੋਗ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ। ਸੇਰੋਗਰੁੱਪਾਂ A, C, W, ਅਤੇ Y ਤੋਂ ਸੁਰੱਖਿਆ ਵਿੱਚ ਮਦਦ ਲਈ ਦੂਜੇ ਮੇਨਿੰਗੋਕੋਕਲ ਵੈਕਸੀਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

## 2 ਸੇਰੋਗਰੁੱਪ B ਮੇਨਿੰਗੋਕੋਕਲ ਵੈਕਸੀਨ

ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਵਲੋਂ ਦੋ ਸੇਰੋਗਰੁੱਪ B ਮੇਨਿੰਗੋਕੋਕਲ ਵੈਕਸੀਨਾਂ — Bexsero® ਅਤੇ Trumenba® — ਨੂੰ ਲਾਈਸੰਸ ਦਿੱਤਾ ਗਿਆ ਹੈ।

ਆਮ ਤੌਰ 'ਤੇ ਇਹਨਾਂ ਵੈਕਸੀਨਾਂ ਦੀ ਵਰਤੋਂ ਦੀ ਸਿਫਾਰਸ਼ 10 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਅਜਿਹੇ ਲੋਕਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਸੇਰੋਗਰੁੱਪ B ਦੀ ਮੇਨਿੰਗੋਕੋਕਲ ਲਾਗ ਦਾ ਵੱਧ ਖਤਰਾ ਹੁੰਦਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਸੇਰੋਗਰੁੱਪ B ਮੇਨਿੰਗੋਕੋਕਲ ਰੋਗ ਦੇ ਫੈਲਣ ਕਾਰਨ ਜੋਖਮ ਅਧੀਨ ਲੋਕ
- ਕੋਈ ਵੀ ਵਿਅਕਤੀ ਜਿਸਦੀ ਤਿੱਲੀ ਵਿੱਚ ਵਿਕਾਰ ਹੈ ਜਾਂ ਉਸਨੂੰ ਹਟਾਇਆ ਜਾ ਚੁੱਕਿਆ ਹੈ
- ਕੋਈ ਵੀ ਵਿਅਕਤੀ ਜੋ ਵਿਰਲੇ ਕਦੇ ਪਾਏ ਜਾਣ ਵਾਲੇ ਰੋਗਾਂ ਤੋਂ ਸਰੀਰ ਦੀ ਸੁਰੱਖਿਆ ਸਬੰਧੀ ਤਕਲੀਫ "ਪਰਸਿਸਟੈਂਟ ਕੰਪਲੀਮੈਂਟ ਕੰਪੋਨੈਂਟ ਡੈਫੀਸ਼ੈਂਸੀ" ਤੋਂ ਪੀੜਤ ਹੈ
- ਕੋਈ ਵੀ ਵਿਅਕਤੀ ਜੋ ਐਕੁਲੀਜ਼ੁਮੈਬ (eculizumab) ਨਾਂ ਦੀ ਦਵਾਈ (ਜਿਸਨੂੰ Soliris® ਵੀ ਕਹਿੰਦੇ ਹਨ) ਲੈਂਦਾ ਹੈ
- *N. meningitidis* ਦੇ ਆਈਸੋਲੇਟਸ ਨਾਲ ਅਕਸਰ ਕੰਮ ਕਰਨ ਵਾਲੇ ਜੀਵਾਣੂ-ਵਿਗਿਆਨੀ

ਇਹ ਵੈਕਸੀਨ 16 ਤੋਂ 23 ਸਾਲ ਦੀ ਉਮਰ ਵਾਲੇ ਕਿਸੇ ਵੀ ਵਿਅਕਤੀ ਨੂੰ ਛੋਟੇ ਅਰਸੇ ਲਈ ਸੇਰੋਗਰੁੱਪ B ਦੇ ਜ਼ਿਆਦਾਤਰ ਉਪਭੇਦਾਂ ਵਾਲੇ ਮੇਨਿੰਗੋਕੋਕਲ ਰੋਗ ਦੇ ਲਈ ਲਗਾਇਆ ਜਾ ਸਕਦਾ ਹੈ; 16 ਤੋਂ 18 ਸਾਲ ਦੀ ਉਮਰ ਇਹ ਵੈਕਸੀਨ ਲਗਵਾਉਣ ਲਈ ਬਿਹਤਰ ਉਮਰ ਹੈ।

ਬਿਹਤਰੀਨ ਸੁਰੱਖਿਆ ਦੇ ਲਈ ਸੇਰੋਗਰੁੱਪ B ਮੇਨਿੰਗੋਕੋਕਲ ਵੈਕਸੀਨ ਦੀ 1 ਤੋਂ ਵੱਧ ਖੁਰਾਕ ਦੀ ਲੋੜ ਪੈਂਦੀ ਹੈ। ਸਾਰੀਆਂ ਖੁਰਾਕਾਂ ਲਈ ਉਸੇ ਵੈਕਸੀਨ ਦੀ ਵਰਤੋਂ ਕਰਨੀ ਜ਼ਰੂਰੀ ਹੈ। ਖੁਰਾਕਾਂ ਦੀ ਸੰਖਿਆ ਅਤੇ ਉਹਨਾਂ ਨੂੰ ਲੈਣ ਦੇ ਸਮੇਂ ਬਾਰੇ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਪੁੱਛੋ।

## 3 ਕੁਝ ਲੋਕਾਂ ਨੂੰ ਇਹ ਟੀਕੇ ਨਹੀਂ ਲਗਵਾਉਣੇ ਚਾਹੀਦੇ

ਜੋ ਵਿਅਕਤੀ ਤੁਹਾਨੂੰ ਵੈਕਸੀਨ ਲਗਾ ਰਿਹਾ ਹੈ ਉਸ ਨੂੰ ਇਸ ਬਾਰੇ ਦੱਸੋ:

- **ਜੇ ਤੁਹਾਨੂੰ ਕੋਈ ਗੰਭੀਰ, ਜਾਨਲੇਵਾ ਅਲਰਜੀਆਂ ਹਨ।**
  ਜੇ ਪਹਿਲਾਂ ਕਦੇ ਸੇਰੋਗਰੁੱਪ B ਮੇਨਿੰਗੋਕੋਕਲ ਵੈਕਸੀਨ ਦੀ ਖੁਰਾਕ ਲੈਣ ਦੇ ਬਾਅਦ ਤੁਹਾਨੂੰ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜੀ ਹੋਈ ਹੋਵੇ, ਜਾਂ ਜੇ ਤੁਹਾਨੂੰ ਇਸ ਵੈਕਸੀਨ ਦੇ ਕਿਸੇ ਹਿੱਸੇ ਤੋਂ ਐਲਰਜੀ ਹੈ ਤਾਂ ਤੁਹਾਨੂੰ ਇਹ ਵੈਕਸੀਨ ਨਹੀਂ ਲਗਵਾਉਣਾ ਚਾਹੀਦਾ। *ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਆਪਣੀਆਂ ਸਾਰੀਆਂ ਗੰਭੀਰ ਐਲਰਜੀਆਂ, ਜਿਸ ਵਿੱਚ ਲੇਟੈਕਸ ਲਈ ਗੰਭੀਰ ਐਲਰਜੀ ਵੀ ਸ਼ਾਮਲ ਹੈ, ਬਾਰੇ ਦੱਸੋ।* ਉਹ ਤੁਹਾਨੂੰ ਦੱਸ ਸਕਦਾ/ਸਕਦੀ ਹੈ ਕਿ ਵੈਕਸੀਨ ਦੇ ਅੰਦਰ ਕੀ ਕੁਝ ਹੈ।

- **ਜੇ ਤੁਸੀਂ ਗਰਭਵਤੀ ਹੋ ਜਾਂ ਛਾਤੀ ਚੁੰਘਾਉਂਦੇ ਹੋ।**
  ਗਰਭਵਤੀ ਔਰਤ ਜਾਂ ਛਾਤੀ ਚੁੰਘਾਉਣ ਵਾਲੀ ਮਾਂ ਲਈ ਇਸ ਵੈਕਸੀਨ ਦੇ ਸੰਭਾਵੀ ਜੋਖਮਾਂ ਬਾਰੇ ਜ਼ਿਆਦਾ ਜਾਣਕਾਰੀ ਉਪਲਬਧ ਨਹੀਂ ਹੈ। ਗਰਭ ਦੇ ਦੌਰਾਨ ਇਸਦੀ ਵਰਤੋਂ ਤਾਂ ਹੀ ਕਰਨੀ ਚਾਹੀਦੀ ਹੈ ਜੇ ਇਸਦੀ ਸਪਸ਼ਟ ਤੌਰ 'ਤੇ ਲੋੜ ਹੈ।

ਜੇ ਤੁਹਾਨੂੰ ਜ਼ੁਕਾਮ ਵਰਗੀ ਕੋਈ ਮਾਮੂਲੀ ਤਕਲੀਫ ਹੈ, ਤਾਂ ਸ਼ਾਇਦ ਤੁਸੀਂ ਅੱਜ ਹੀ ਵੈਕਸੀਨ ਲਗਵਾ ਸਕਦੇ ਹੋ। ਜੇ ਤੁਸੀਂ ਕਾਫੀ ਜਾਂ ਬਹੁਤ ਬਿਮਾਰ ਹੋ ਤਾਂ ਤੁਹਾਨੂੰ ਸ਼ਾਇਦ ਆਪਣੇ ਠੀਕ ਹੋਣ ਤੱਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਤੁਹਾਡਾ ਡਾਕਟਰ ਤੁਹਾਨੂੰ ਸਲਾਹ ਦੇ ਸਕਦਾ ਹੈ।



U.S. Department of Health and Human Services
Centers for Disease Control and Prevention

## 4 ਵੈਕਸੀਨ ਤੋਂ ਪ੍ਰਤੀਕਿਰਿਆ ਦੇ ਜੋਖਮ

ਵੈਕਸੀਨਾਂ ਸਮੇਤ, ਕਿਸੇ ਵੀ ਦਵਾਈ ਨਾਲ ਪ੍ਰਤੀਕਿਰਿਆ ਹੋਣ ਦੀ ਸੰਭਾਵਨਾ ਹੁੰਦੀ ਹੈ। ਆਮ ਤੌਰ 'ਤੇ ਇਹ ਪ੍ਰਤੀਕਿਰਿਆਵਾਂ ਮਾਮੂਲੀ ਹੁੰਦੀਆਂ ਹਨ ਅਤੇ ਕੁਝ ਦਿਨਾਂ ਦੇ ਅੰਦਰ ਆਪਣੇ ਆਪ ਖਤਮ ਹੋ ਜਾਂਦੀਆਂ ਹਨ, ਪਰ ਗੰਭੀਰ ਪ੍ਰਤੀਕਿਰਿਆਵਾਂ ਵੀ ਹੋ ਸਕਦੀਆਂ ਹਨ।

ਸੇਰੋਗਰੁੱਪ B ਮੇਨਿੰਗੋਕੋਕਲ ਵੈਕਸੀਨ ਲਗਵਾਉਣ ਵਾਲੇ ਅੱਧੇ ਤੋਂ ਵੱਧ ਲੋਕਾਂ ਨੂੰ ਟੀਕਾ ਲਗਵਾਉਣ ਦੇ ਬਾਅਦ **ਮਾਮੂਲੀ ਸਮੱਸਿਆਵਾਂ** ਹੁੰਦੀਆਂ ਹਨ। ਇਹ ਪ੍ਰਤੀਕਿਰਿਆਵਾਂ 3 ਤੋਂ 7 ਦਿਨਾਂ ਤਕ ਰਹਿ ਸਕਦੀਆਂ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਟੀਕੇ ਵਾਲੀ ਥਾਂ ਤੇ ਦਰਦ, ਲਾਲੀ ਜਾਂ ਸੋਜਸ਼
- ਥਕਾਵਟ ਜਾਂ ਥਕੇਵਾਂ
- ਸਿਰਦਰਦ
- ਮਾਸ-ਪੇਸ਼ੀ ਜਾਂ ਜੋੜਾਂ ਵਿੱਚ ਦਰਦ
- ਬੁਖਾਰ ਜਾਂ ਕੰਬਣੀ
- ਦਿਲ ਕੱਚਾ ਹੋਣਾ ਜਾਂ ਦਸਤ

**ਇਹਨਾਂ ਵੈਕਸੀਨਾਂ ਦੇ ਬਾਅਦ ਹੋ ਸਕਣ ਵਾਲੀਆਂ ਦੂਜੀਆਂ ਸਮੱਸਿਆਵਾਂ:**

- ਵੈਕਸੀਨ ਲਗਾਉਣ ਸਮੇਤ, ਕਿਸੇ ਵੀ ਮੈਡੀਕਲ ਪ੍ਰਕਿਰਿਆ ਦੇ ਬਾਅਦ ਲੋਕ ਕਈ ਵਾਰੀ ਬੇਹੋਸ਼ ਹੋ ਜਾਂਦੇ ਹਨ। ਤਕਰੀਬਨ 15 ਮਿੰਟਾਂ ਲਈ ਬੈਠਣ ਜਾਂ ਲੇਟ ਜਾਣ ਨਾਲ, ਬੇਹੋਸ਼ ਹੋਣ ਜਾਂ ਡਿੱਗਣ ਕਰਕੇ ਸੱਟ ਲਗਣ ਤੋਂ ਬਚਾਅ ਹੋ ਸਕਦਾ ਹੈ। ਜੇ ਤੁਹਾਡਾ ਸਿਰ ਚਕਰਾਉਂਦਾ ਹੈ, ਜਾਂ ਜੇ ਤੁਹਾਡੀ ਨਜ਼ਰ ਵਿੱਚ ਤਬਦੀਲੀ ਆਉਂਦੀ ਹੈ ਜਾਂ ਕੰਨਾਂ ਵਿੱਚ ਘੰਟੀਆਂ ਵੱਜਦੀਆਂ ਹਨ ਤਾਂ ਇਸ ਬਾਰੇ ਆਪਣੇ ਪ੍ਰਦਾਤਾ ਨੂੰ ਦੱਸੋ।
- ਕਈ ਲੋਕਾਂ ਨੂੰ ਮੋਢਿਆਂ ਵਿੱਚ ਦਰਦ ਹੁੰਦਾ ਹੈ ਜੋ ਟੀਕੇ ਦੇ ਬਾਅਦ ਆਮ ਤੌਰ 'ਤੇ ਹੋਣ ਵਾਲੇ ਦਰਦ ਨਾਲੋਂ ਜ਼ਿਆਦਾ ਸਖਤ ਹੋ ਸਕਦਾ ਹੈ ਅਤੇ ਜ਼ਿਆਦਾ ਲੰਮਾ ਚਿਰ ਚਲ ਸਕਦਾ ਹੈ। ਅਜਿਹਾ ਬਹੁਤ ਹੀ ਘੱਟ ਵਾਰ ਹੁੰਦਾ ਹੈ।
- ਕਿਸੇ ਵੀ ਦਵਾਈ ਤੋਂ ਗੰਭੀਰ ਐਲਰਜੀ ਵਾਲੀ ਪ੍ਰਤੀਕਿਰਿਆ ਹੋ ਸਕਦੀ ਹੈ। ਵੈਕਸੀਨ ਤੋਂ ਅਜਿਹੀਆਂ ਪ੍ਰਤੀਕਿਰਿਆਵਾਂ ਵਿਰਲੇ ਹੀ ਕਦੇ ਹੁੰਦੀਆਂ ਹਨ ਅਤੇ ਅਨੁਮਾਨ ਹੈ ਕਿ ਤਕਰੀਬਨ ਇੱਕ ਮਿਲੀਅਨ ਖੁਰਾਕਾਂ ਵਿਚੋਂ ਇਕ ਖੁਰਾਕ ਅਜਿਹਾ ਕਰਦੀ ਹੈ, ਅਤੇ ਇਹ ਪ੍ਰਤੀਕਿਰਿਆ ਟੀਕਾ ਲਗਣ ਦੇ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਦੇ ਅੰਦਰ ਹੁੰਦੀ ਹੈ।

ਕਿਸੇ ਵੀ ਹੋਰ ਦਵਾਈ ਵਾਂਗ, ਵੈਕਸੀਨ ਨਾਲ ਵੀ ਗੰਭੀਰ ਸੱਟ ਜਾਂ ਮੌਤ ਦੀ ਬਹੁਤ ਹੀ ਘੱਟ ਸੰਭਾਵਨਾ ਹੁੰਦੀ ਹੈ।

ਵੈਕਸੀਨਾਂ ਦੀ ਸੁਰੱਖਿਅਤਾ ਦੇ ਉੱਪਰ ਹਮੇਸ਼ਾ ਨਜ਼ਰ ਰੱਖੀ ਜਾਂਦੀ ਹੈ। ਹੋਰ ਜਾਣਕਾਰੀ ਲਈ ਦੇਖੋ: **www.cdc.gov/vaccinesafety/**

## 5 ਜੇ ਕੋਈ ਗੰਭੀਰ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰੀਏ?

**ਮੈਂ ਕਿਸ ਚੀਜ਼ ਦੀ ਭਾਲ ਕਰਾਂ?**

- ਕਿਸੇ ਵੀ ਅਜਿਹੀ ਚੀਜ਼ ਦੀ ਭਾਲ ਕਰੋ ਜਿਸ ਕਾਰਨ ਤੁਹਾਨੂੰ ਚਿੰਤਾ ਹੁੰਦੀ ਹੋਵੇ, ਜਿਵੇਂ ਕਿਸੇ ਗੰਭੀਰ ਐਲਰਜੀ ਦੇ ਲੱਛਣ, ਬਹੁਤ ਤੇਜ਼ ਬੁਖਾਰ ਜਾਂ ਅਸਧਾਰਨ ਵਤੀਰਾ।

  ਜੇ ਲੱਛਣ **ਗੰਭੀਰ ਐਲਰਜੀ ਪ੍ਰਤੀਕਿਰਿਆ** ਦਰਸਾਉਂਦੇ ਹਨ ਉਹਨਾਂ ਵਿੱਚ ਧਫੜੀ, ਚਿਹਰੇ ਅਤੇ ਗਲੇ ਦੀ ਸੋਜਸ਼, ਸਾਹ ਲੈਣ ਵਿੱਚ ਕਠਨਾਈ, ਦਿਲ ਦੀ ਤੇਜ਼ ਧੜਕਣ, ਸਿਰ ਚਕਰਾਉਣਾ ਅਤੇ ਸਰੀਰ ਦੀ ਕਮਜ਼ੋਰੀ ਸ਼ਾਮਲ ਹਨ। ਇਹ ਲੱਛਣ ਆਮ ਤੌਰ 'ਤੇ ਟੀਕਾ ਲਗਾਉਣ ਦੇ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਦੇ ਅੰਦਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਜੇ ਤੁਸੀਂ ਸੋਚਦੇ ਹੋ ਕਿ ਇਹ **ਗੰਭੀਰ ਐਲਰਜੀ ਦੀ ਪ੍ਰਤੀਕਿਰਿਆ** ਜਾਂ ਕੋਈ ਹੋਰ ਐਮਰਜੈਂਸੀ ਹੈ ਜਿਸ ਵਿੱਚ ਫੌਰਨ ਕਾਰਵਾਈ ਦੀ ਲੋੜ ਹੈ ਤਾਂ 9-1-1 'ਤੇ ਕਾਲ ਕਰੋ ਅਤੇ ਸਭ ਤੋਂ ਨਜ਼ਦੀਕੀ ਹਸਪਤਾਲ ਵਿੱਚ ਪਹੁੰਚੋ। ਨਹੀਂ ਤਾਂ ਆਪਣੇ ਕਲੀਨਿਕ ਨੂੰ ਕਾਲ ਕਰੋ।

  ਬਾਅਦ ਵਿੱਚ ਇਸ ਪ੍ਰਤੀਕਿਰਿਆ ਦੀ ਸੂਚਨਾ ਵੈਕਸੀਨ ਸਬੰਧੀ ਖਰਾਬ ਘਟਨਾ ਦੀ ਸੂਚਨਾ ਦੇਣ ਦੀ ਵਿਵਸਥਾ (Vaccine Adverse Event Reporting System) (VAERS) ਨੂੰ ਦੇਣੀ ਪਵੇਗੀ। ਇਹ ਸੂਚਨਾ ਤੁਹਾਡੇ ਡਾਕਟਰ ਨੂੰ ਦਰਜ ਕਰਾਉਣੀ ਚਾਹੀਦੀ ਹੈ, ਜਾਂ ਤੁਸੀਂ ਇਹ ਕੰਮ ਆਪਣੇ ਆਪ VAERS ਦੀ ਵੈਬਸਾਈਟ **www.vaers.hhs.gov** ਰਾਹੀਂ ਜਾਂ **1-800-822-7967** ਨੰਬਰ 'ਤੇ ਫੋਨ ਕਰਕੇ ਕਰ ਸਕਦੇ ਹੋ।

*VAERS ਕੋਈ ਡਾਕਟਰੀ ਸਲਾਹ ਨਹੀਂ ਦਿੰਦੇ ਹਨ।*

## 6 ਵੈਕਸੀਨ ਤੋਂ ਸੱਟ ਲਈ ਨੈਸ਼ਨਲ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program)

ਵੈਕਸੀਨ ਤੋਂ ਸੱਟ ਲਈ ਨੈਸ਼ਨਲ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program) (VICP) ਇੱਕ ਫੈਡਰਲ ਪ੍ਰੋਗਰਾਮ ਹੈ ਜਿਸਨੂੰ ਅਜਿਹੇ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਤਿਆਰ ਕੀਤਾ ਗਿਆ ਸੀ ਜਿਨ੍ਹਾਂ ਨੂੰ ਕੁਝ ਵੈਕਸੀਨਾਂ ਦੇ ਕਾਰਨ ਕੋਈ ਸੱਟ ਲਗੀ ਹੋਵੇ।

ਜਿਨ੍ਹਾਂ ਲੋਕਾਂ ਨੂੰ ਇਹ ਵਿਸ਼ਵਾਸ ਹੈ ਕਿ ਉਹਨਾਂ ਨੂੰ ਕਿਸੇ ਵੈਕਸੀਨ ਦੇ ਕਾਰਨ ਸੱਟ ਲੱਗੀ ਹੋ ਸਕਦੀ ਹੈ, ਉਹ **1-800-338-2382** ਨੰਬਰ 'ਤੇ ਫੋਨ ਕਰਕੇ ਜਾਂ VICP ਦੀ ਵੈਬਸਾਈਟ **www.hrsa.gov/vaccinecompensation** 'ਤੇ ਜਾ ਕੇ ਇਸ ਪ੍ਰੋਗਰਾਮ ਬਾਰੇ ਅਤੇ ਆਪਣੇ ਦਾਅਵੇ ਨੂੰ ਦਰਜ ਕਰਾਉਣ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਮੁਆਵਜ਼ੇ ਲਈ ਦਾਅਵੇ ਨੂੰ ਦਰਜ ਕਰਨ ਲਈ ਸਮੇਂ ਦੀ ਇੱਕ ਨਿਸ਼ਚਿਤ ਸੀਮਾ ਹੈ।

## 7 ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

- ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਪੁੱਛੋ। ਉਹ ਤੁਹਾਨੂੰ ਵੈਕਸੀਨ ਦੇ ਪੈਕਜ ਦੇ ਅੰਦਰ ਮੌਜੂਦ ਬ੍ਰੋਸ਼ਰ ਦੇ ਸਕਦਾ/ਸਕਦੀ ਹੈ ਜਾਂ ਜਾਣਕਾਰੀ ਪ੍ਰਾਪਤ ਕਰਨ ਦੇ ਦੂਜੇ ਸ੍ਰੋਤਾਂ ਬਾਰੇ ਸਲਾਹ ਦੇ ਸਕਦਾ ਹੈ।
- ਆਪਣੇ ਲੋਕਲ ਜਾਂ ਸਟੇਟ ਦੇ ਸਿਹਤ ਵਿਭਾਗ ਨੂੰ ਕਾਲ ਕਰੋ।
- ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (Centers for Disease Control and Prevention) (CDC):
  - ਨਾਲ ਸੰਪਰਕ ਕਰੋ **1-800-232-4636** (**1-800-CDC-INFO**) 'ਤੇ ਕਾਲ ਕਰੋ ਜਾਂ
  - CDC ਦੀ ਵੈਬਸਾਈਟ 'ਤੇ ਜਾਓ: **www.cdc.gov/vaccines**

Vaccine Information Statement
Serogroup B Meningococcal Vaccine

08/09/2016 Punjabi

Office Use Only

42 U.S.C. § 300aa-26

Translation provided by California Department of Public Health